THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਪੀ.ਐਸ.ਬੀ./ਆਈ.ਟੀ/16/ 2153 ਮਿਤੀ: 12.07.2016

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਸਰਕਾਰੀ/ਪ੍ਰਾਈਵੇਟ/ਆਈ.ਟੀ.ਆਈ./ਆਈ.ਟੀ.ਸੀ. (ਇ.),
ਆਰਟ ਐਂਡ ਕਰਾਫਟ/ਟੀਚਰ ਟ੍ਰੇਨਿੰਗ ਸੰਸਥਾਵਾਂ
ਪੰਜਾਬ ਰਾਜ ਅਧੀਨ।

**ਵਿਸ਼ਾ- ਅਗਸਤ 2016 ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦਾ ਏ.ਪੀ.ਐਫ. ਫੀਸ ਸਬੰਧੀ ਐਕਸਲ ਡਾਟਾ ਜਮਾਂ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਬੋਰਡ ਦਫਤਰ ਵੱਲੋਂ ਵਿਸ਼ਾ ਸਬੰਧੀ ਏ.ਪੀ.ਐਫ. ਫੀਸ ਲੈਣ ਸਬੰਧੀ ਹਦਾਇਤਾਂ/ਸ਼ਡਿਊਲ ਬੋਰਡ ਦੀ ਵੈਬਸਾਈਟ ਉੱਤੇ ਅਪਲੋਡ ਕੀਤਾ ਗਿਆ ਸੀ। ਪਰ ਇਹ ਵੇਖਣ ਵਿੱਚ ਆਇਆ ਹੈ ਕਿ ਕਈ ਉਦਯੋਗਿਕ ਸਿਖਲਾਈ ਸੰਸਥਾਵਾਂ ਵੱਲੋਂ ਉਕਤ ਹਦਾਇਤਾਂ ਦੀ ਉਲੰਘਣਾ ਕਰਦੇ ਹੋਏ ਵਿਸ਼ਾ ਜਿਕਰ ਸਬੰਧੀ ਸਿਖਿਆਰਥੀਆਂ ਦਾ ਡਾਟਾ (ਐਮ.ਆਈ.ਐਸ. ਪੋਰਟਲ ਦੇ ਸਿਖਿਆਰਥੀਆਂ ਤੋਂ ਇਲਾਵਾ) ਐਕਸਲ ਫਾਰਮੈਟ ਦੀ ਸੋਫਟ ਕਾਪੀ ਰਾਹੀਂ ਭੇਜਣ ਦੀ ਬਜਾਏ ਜੇ.ਪੀ.ਜੀ. ਜਾਂ ਪੀ.ਡੀ.ਐਫ. ਫਾਰਮੈਟ ਵਿੱਚ ਭੇਜਿਆ ਗਿਆ ਹੈ। ਸਬੰਧਤ ਸੰਸਥਾਵਾਂ ਨੂੰ ਮੁੜ ਤੋਂ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਸਿਖਿਆਰਥੀਆਂ ਦਾ ਡਾਟਾ ਬੋਰਡ ਦਫਤਰ ਵੱਲੋਂ ਭੇਜੀਆਂ ਗਈਆਂ ਹਦਾਇਤਾਂ ਅਨੁਸਾਰ ਐਕਸਲ ਫਾਇਲਾਂ ਉੱਤੇ ਨਿਰਧਾਰਿਤ ਖਾਨਿਆਂ ਵਿੱਚ ਟਿਕ ਕਰਕੇ ਸੋਫਟ ਕਾਪੀ ਰਾਹੀਂ ਹੀ ਭੇਜਿਆ ਜਾਵੇ। ਇਹ ਡਾਟਾ ਬਾਕੀ ਦਸਤਾਵੇਜਾਂ ਦੇ ਨਾਲ ਕੇਵਲ ਬੋਰਡ ਦਫਤਰ ਦੀ ਦਫਤਰੀ ਈ-ਮੇਲ ਆਈ. ਡੀ. contitipb@gmail.com and cfa1919@gmail.com ਉੱਤੇ ਮਿਤੀ 13.07.2016 ਦੁਪਹਿਰ 12.00 ਵਜੇ ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਸੰਸਥਾ ਦੇ ਵਿਦਿਆਰਥੀਆਂ ਦੇ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਣਗੇ ਅਤੇ ਇਸ ਸਬੰਧੀ ਸਮੂਚੀ ਜਿੰਮੇਵਾਰੀ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਦੀ ਹੀ ਹੋਵੇਗੀ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ

ਉਪਰੋਕਤ ਦਾ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾ/ਰਿਕਾਰਡ ਹਿੱਤ ਭੇਜਿਆ ਜਾਂਦਾ ਹੈ:-

1. PA/Secretary
2. System Admn.
3. Admn. Officer

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ